# ਪੰਜਾਬ ਵਿਧਾਨ ਸਭਾ ਸਕੱਤਰੇਤ

ਸ਼ੁੱਕਰਵਾਰ, ਮਿਤੀ 23 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ
ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

## ਪੱਲਣਪੁਰ ਰੈਸਟ ਹਾਊਸ ਨੂੰ ਵਿਕਸਤ ਕਰਨਾ

107. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਚੰਡੀਗੜ੍ਹ ਦੇ ਨੇੜੇ ਪਿੰਡ ਪੱਲਣਪੁਰ ਵਿਖੇ ਜੰਗਲਾਤ ਵਿਭਾਗ ਦਾ ਰੈਸਟ ਹਾਊਸ ਪਿਛਲੇ ਪੰਜ ਸਾਲਾਂ ਵਿਚ ਵਿਕਸਤ ਨਹੀ ਕੀਤਾ ਗਿਆ; ਜੇਕਰ ਨਹੀਂ ਤਾਂ ਇਸ ਰੈਸਟ ਹਾਊਸ ਤੇ ਪਿਛਲੇ ਪੰਜ ਸਾਲਾਂ ਦੌਰਾਨ ਕੀਤੇ ਗਏ ਖਰਚ ਦੀ ਡਿਟੇਲ ਦਿੱਤੀ ਜਾਵੇ;

ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਰੈਸਟ ਹਾਊਸ ਦੇ ਨਾਲ ਦੀ ਜਾਂਦੀ ਸੜਕ ਨੂੰ ਤਾਰਾਂ ਲਗਾ ਕੇ ਬੈਰੀਕੇਡਿੰਗ ਕੀਤਾ ਗਿਆ ਹੈ ਤਾਂ ਕਿ ਇਸ ਰੈਸਟ ਹਾਊਸ ਵਿਚ ਐਂਟਰੀ ਨਾ ਹੋ ਸਕੇ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਨ ਅਤੇ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਕੀਤੀ ਜਾ ਰਹੀ ਕਰਵਾਈ ਦੇ ਵੇਰਵੇ ਕੀ ਹਨ?

## ਕਣਕ ਨੂੰ ਲੰਬਾ ਸਮਾਂ ਸਟੋਰ ਕਰਨ ਕਰਕੇ ਨਸ਼ਟ ਹੋਈ ਕਣਕ ਦਾ ਨਿਪਟਾਰਾ

65. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਨੂੰ ਸਾਲ 1995-96 ਤੋਂ ਲੈ ਕੇ ਲੰਬੇ ਸਮੇਂ ਤੱਕ ਕਣਕ ਨੂੰ ਸਟੋਰ ਕਰਨ ਕਰਕੇ ਨਸ਼ਟ ਹੋਈ ਕਣਕ ਦਾ ਨਿਪਟਾਰਾ ਕਰਨ ਤੇ ਕਾਫੀ ਨੁਕਸਾਨ ਹੋਇਆ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਰਾਜ ਸਰਕਾਰ ਨੇ ਖਰਾਬ/ਨਸ਼ਟ ਹੋਈ ਕਣਕ ਦੇ ਨੁਕਸਾਨ ਦੀ ਪ੍ਰਤੀਪੂਰਤੀ ਕਰਨ ਲਈ ਕੇਂਦਰ ਸਰਕਾਰ ਨਾਲ ਕੋਈ ਸੰਪਰਕ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਕੇਂਦਰ ਸਰਕਾਰ ਵੱਲੋਂ ਰਾਜ ਸਰਕਾਰ ਨੂੰ ਇਸ ਸਬੰਧੀ ਕੋਈ ਅਦਾਇਗੀ ਕੀਤੀ ਗਈ ਹੈ;

ੲ) ਕੀ ਇਹ ਵੀ ਠੀਕ ਹੈ ਕਿ ਕੇਂਦਰ ਸਰਕਾਰ ਨੇ ਤੁਲਸੀ ਰਾਮ ਬੰਗੜੇ ਨੂੰ ਸੰਬੋਧਿਤ ਪੱਤਰ ਨੰਬਰ-ਕਿਊ ਸੀ 29(9)ਆਰ.ਟੀ.ਆਈ :-34/2013-492 ਮਿਤੀ 4.9.2013 ਦੇ ਅਨੁਸਾਰ ਕੁਝ ਅਦਾਇਗੀ ਕਰ ਦਿੱਤੀ ਸੀ;

ਸ) ਜੇਕਰ ਉਪਰੋਕਤ ਭਾਗ (ੲ) ਦਾ ਉਤੱਰ ਹਾਂ ਵਿਚ ਹੋਵੇ ਤਾਂ ਕੀ ਰਿਕਵਰ ਕੀਤੀ ਗਈ ਰਕਮ ਦਾ ਲਾਭ ਸਬੰਧਤ ਏਜੰਸੀਆਂ/ਕਰਮਚਾਰੀਆਂ ਨੂੰ ਦੇ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਰਮਚਾਰੀ-ਵਾਰ ਅਤੇ ਏਜੰਸੀ-ਵਾਰ ਵੇਰਵੇ ਕੀ ਹਨ?

## ਪੰਜਾਬ ਵਿਚ ਪੀ.ਜੀ.ਆਈ ਦੇ ਸੈਟੇਲਾਈਟ ਸੈਂਟਰ ਖੋਲ੍ਹਣਾ

103. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਸਿਹਤ ਅਤੇ ਪ੍ਰੀਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਪੰਜਾਬ ਵਿਚ ਪੀ.ਜੀ.ਆਈ ਸੈਟਲਾਈਟ ਸੈਂਟਰ ਸਥਾਪਿਤ ਕੀਤੇ ਜਾਣੇ ਸਨ, ਜੇਕਰ ਅਜਿਹਾ ਹੋਵੇ ਤਾਂ ਸੈਟਲਾਈਟ ਸੈਂਟਰ ਪੰਜਾਬ ਵਿਚ ਕਿਹੜੇ ਕਿਹੜੇ ਜ਼ਿਲ੍ਹੇ ਵਿੱਚ ਸਥਾਪਤ ਕੀਤੇ ਜਾਣੇ ਸਨ ਅਤੇ ਇਹ ਕਿਹੜੇ ਸਾਲ ਵਿਚ ਮਨਜੂਰ ਕੀਤੇ ਗਏ ਸਨ;

ਅ) ਸੈਟ ਲਾਇਟ ਸੈਂਟਰ ਹੁਣ ਤੱਕ ਸਥਾਪਿਤ ਨਾ ਹੋਣ ਦੇ ਕੀ ਕਾਰਨ ਹਨ ਅਤੇ ਇਸ ਦੇ ਲਈ ਕੌਣ ਜਿੰਮੇਵਾਰ ਹੈ;

ੲ) ਪੰਜਾਬ ਸਰਕਾਰ ਮਨਜੂਰ ਹੋਏ ਸੈਟਲਾਈਟ ਸੈਂਟਰਾਂ ਨੂੰ ਚਾਲੂ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ ਅਤੇ ਇਹ ਕਦੋਂ ਚਾਲੂ ਹੋ ਜਾਣਗੇ?

## ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਮੁਲਾਜਮਾਂ/ਅਧਿਕਾਰੀਆਂ ਵਿਰੁੱਧ ਕੀਤੀ ਗਈ ਕਾਰਵਾਈ

66. **ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਅਤੇ ਇਸ ਦੀਆਂ ਖਰੀਦ ਏਜੰਸੀਆਂ ਵੱਲੋਂ ਸ਼ੈਲਰ ਮਾਲਕਾਂ ਨਾਲ ਪੈਂਤੀ ਮਿਲਿੰਗ ਦੇ ਐਗਰੀਮੈਂਟ ਅਨੁਸਾਰ ਕੁਝ ਸ਼ਰਤਾਂ ਰੱਖੀਆਂ ਜਾਂਦੀਆਂ ਹਨ ਜਿਨ੍ਹਾਂ ਦੀ ਉਲੰਘਣਾ ਕਰਨ ਤੇ ਰਾਜ ਸਰਕਾਰ ਅਤੇ ਏਜੰਸੀਆਂ ਦੇ ਝਗੜੇ ਹੱਲ ਕਰਨ ਲਈ ਆਰਬੀਟ੍ਰੇਸ਼ਨ ਕਲਾਜ਼ ਹੈ ਜਿਸ ਦਾ ਫੈਸਲਾ ਆਰਬੀਟ੍ਰੇਟਰ ਅਵਾਰਡ ਰਾਹੀਂ ਅੰਤਿਮ ਹੁੰਦਾ ਹੈ;

ਅ) ਕੀ ਇਹ ਵੀ ਠੀਕ ਹੈ ਕਿ ਡਾਇਰੈਕਟਰ ਖੁਰਾਕ ਅਤੇ ਸਿਵਲ ਸਪਲਾਈ ਦੇ ਪੱਤਰ ਮਿਤੀ 2.8.2007 ਅਨੁਸਾਰ ਜ਼ੇਕਰ ਸ਼ੈਲਰ ਮਾਲਕ ਦੋਸ਼ੀ ਪਾਏ ਜਾਂਦੇ ਹਨ; ਤਾਂ ਸਬੰਧਤ ਮਹਿਕਮੇ ਦੇ ਸਰਕਾਰੀ ਮੁਲਾਜਮਾਂ/ਅਫਸਰਾਂ ਤੋਂ ਕੋਈ ਰਿਕਵਰੀ ਨਹੀਂ ਬਣਦੀ;

ੲ) ਕੀ ਇਹ ਵੀ ਠੀਕ ਹੈ ਕਿ ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਪੱਤਰ ਨੰ:ਅ-3(3)-119/98/01/3657 ਮਿਤੀ 25.9.2001 ਰਾਹੀਂ ਭਾਗ (ੳ) ਦੇ ਰਾਹੀਂ ਭਾਗ (ੳ) ਦੇ ਰਾਹੀਂ 45 ਕਰਮਚਾਰੀਆਂ ਦੇ ਚਾਰਜ ਸ਼ੀਟ ਵਾਪਸ ਲੈ ਗਏ ਸਨ;

ਸ) ਕੀ ਇਹ ਵੀ ਠੀਕ ਹੈ ਕਿ ਪਨਸਪ ਦੀ ਐਪਲੀਏਟ ਕਮੇਟੀ ਵੱਲੋਂ ਵੀ ਆਪਣੇ ਪੱਤਰ ਨੰ: ਮਨੈਜਰ (ਕੋ-ਅਫੇਅਰਸ) 07/26425-29 Date 23.11.2007 ਰਾਹੀਂ ਵੀ ਉਕਤ ਭਾਗ (ੲ) ਵਿੱਚ ਵਰਣਤ ਫੈਸਲਾ ਲਾਗੂ ਕਰਨਾ ਮੰਨਿਆ ਹੈ;

ਹ) ਜੇਕਰ ਭਾਗ (ੲ) ਦਾ ਉਤੱਰ ' ਹਾਂ ' ਵਿੱਚ ਹੋਵੇ ਤਾਂ ਕਿੰਨੇ ਪਨਸਪ ਮੁਲਾਜਮਾਂ/ਅਫਸਰਾਂ ਦੇ ਦੋਸ਼ ਪੱਤਰ ਅਜੇ ਤੱਕ ਵਾਪਸ ਨਹੀਂ ਲਏ ਗਏ ਹਨ ਅਤੇ ਉਸ ਦੇ ਕੀ ਕਾਰਨ ਹਨ?

ਪਰਤੋਂ ਜੀ...

## ਪੰਜਾਬੀ ਯੂਨੀਵਰਸਿਟੀ ਦੁਆਰਾ ਯੂ.ਜੀ.ਸੀ. ਐਕਟ ਦੀ ਉਲੰਘਣਾ

94. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਸਾਲ 2015 ਵਿੱਚ ਯੂ.ਜੀ.ਸੀ. ਐਕਟ 1956 ਦੀਆਂ ਧਾਰਾਵਾਂ ਨੂੰ ਅੱਖੋਂ ਉਹਲੇ ਰੱਖ ਕੇ ਰਿਸਰਚ ਸੁਪਰਵਾਇਜ਼ਰਾਂ ਦੀ ਪੀ.ਐਚ.ਡੀ ਦੇ ਵਿਦਿਆਰਥੀਆਂ ਲਈ ਨਿਯੁਕਤੀ ਕੀਤੀ ਗਈ ਹੈ;

**ਅ)** ਕੀ ਇਹ ਵੀ ਠੀਕ ਹੈ ਕਿ ਯੂ.ਜੀ.ਸੀ. ਐਕਟ 1956 ਦੀ ਉਲੰਘਣਾ ਕਰਨ ਕਾਰਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਡਿਫਾਲਟਰ ਦੀ ਸੂਚੀ ਵਿਚ ਦਰਜ ਕੀਤਾ ਜਾ ਸਕਦਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਲਈ ਕੌਣ ਜਿੰਮੇਵਾਰ ਹੈ ਅਤੇ ਪੰਜਾਬ ਸਰਕਾਰ ਉਸ ਦੇ ਖਿਲਾਫ ਕੀ ਕਾਰਵਾਈ ਕਰ ਰਹੀ ਹੈ?

## ਸ਼੍ਰੀ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਚਾਰ ਮਾਰਗੀ ਬਣਾਉਣਾ

101. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** 577 ਕਿਲੋਮੀਟਰ ਲੰਬੇ ਸ਼੍ਰੀ ਗੁਰੂ ਗੋਬਿੰਦ ਸਿੰਘ ਮਾਰਗ ਉਪਰ 91 ਪਵਿੱਤਰ ਸਰਾਵਾਂ ਅਤੇ 20 ਦਸ਼ਮੇਸ਼ ਪਿਲਰਾਂ ਦੀ ਸਾਂਭ ਸੰਭਾਲ ਲਈ ਪੰਜਾਬ ਸਰਕਾਰ ਵਲੋਂ ਪਿਛਲੇ 10 ਸਾਲਾਂ ਦੌਰਾਨ ਕਿੰਨਾ ਖਰਚ ਕੀਤਾ ਗਿਆ ਹੈ;

**ਅ)** ਕੀ ਉਪਰੋਕਤ ਮਾਰਗ ਨੂੰ ਸ਼੍ਰੀ ਨਾਂਦੇੜ ਸਾਹਿਬ ਨਾਲ ਜ਼ੋੜਨ ਲਈ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਜਾਂ ਸਬੰਧਤ ਰਾਜ ਸਰਕਾਰਾਂ ਨਾਲ ਕੋਈ ਪੱਤਰ ਵਿਹਾਰ ਕੀਤਾ ਹੈ; ਜੇਕਰ ਕੀਤਾ ਹੈ ਤਾਂ ਉਸ ਦੇ ਵੇਰਵੇ ਕੀ ਹਨ;

**ੲ)** ਕੀ ਇਹ ਠੀਕ ਹੈ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਮਾਰਗ ਨੂੰ ਚਾਰ ਮਾਰਗੀ ਬਣਾਉਣ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਹੁਣ ਤੱਕ ਇਸ ਸਬੰਧ ਵਿਚ ਕੀਤੀ ਗਈ ਕਾਰਵਾਈ ਦੇ ਵੇਰਵੇ ਕੀ ਹਨ?

**ਚੰਡੀਗੜ੍ਹ**
**ਮਿਤੀ 21 ਜੂਨ, 2017**

**ਸ਼ਸ਼ੀ ਲਖਨਪਾਲ ਮਿਸ਼ਰਾ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**